ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।

ਮੀਮੋ ਨੰ:1/21-ਪਸਪਬ-ਖੋ.ਅ.(ਸ.ਯੋ-ਡੀ.ਆਈ.ਐਫ.)-2012-13/ 2219
ਮਿਤੀ: ਚੰਡੀਗੜ......27/7/2012

ਵਿਸ਼ਾ:- ਪਲਾਨ ਸਕੀਮ ਪੀ.ਐਮ 17/22 ''ਡਿਸਟ੍ਰਿਕਟ ਇਨੋਵੇਸ਼ਨ ਫੰਡ (13ਵੇਂ ਵਿੱਤ ਕਮਿਸ਼ਨ)'' ਅਧੀਨ ਸਾਲ 2011-12 ਦੀ ਬਕਾਇਆ 954.54 ਲੱਖ ਰੁਪਏ ਦੀ ਰਾਸ਼ੀ ਵਿੱਤੀ ਸਾਲ 2012-13 ਦੌਰਾਨ ਮੁੜ ਰਲੀਜ਼ ਕਰਨ ਬਾਰੇ।

---

ਰਾਜਪਾਲ, ਪੰਜਾਬ ਜੀ ਪਲਾਨ ਸਕੀਮ ਪੀ.ਐਮ 17/22 ''ਡਿਸਟ੍ਰਿਕਟ ਇਨੋਵੇਸ਼ਨ ਫੰਡ (13ਵੇਂ ਵਿੱਤ ਕਮਿਸ਼ਨ)'' ਅਧੀਨ ਵਿੱਤੀ ਸਾਲ 2011-12 ਦੌਰਾਨ ਵਿੱਤ ਮੰਤਰਾਲਿਆ, ਭਾਰਤ ਸਰਕਾਰ ਵਲੋਂ ਜਾਰੀ ਕੀਤੀ 10.00 ਕਰੋੜ ਰੁਪਏ ਦੀ ਰਾਸ਼ੀ ਵਿਚੋਂ ਵਿੱਤੀ ਸਾਲ 2012-13 ਦੌਰਾਨ ਮੀਮੋ ਨੰ:1/21-ਪਸਪਬ-ਖੋ.ਅ.(ਸ.ਯੋ-ਡੀ.ਆਈ.ਐਫ.)-2012-13/1626 ਮਿਤੀ 31-5-2012 ਰਾਹੀਂ ਦਿੱਤੀ 250.00 ਲੱਖ ਰੁਪਏ ਦੀ ਸੈਕਸ਼ਨ ਨੂੰ ਰੱਦ ਕਰਦੇ ਹੋਏ ਹੇਠ ਅਨੁਸਾਰ 954.54 ਲੱਖ ਰੁਪਏ ਦੀ ਰਾਸ਼ੀ ਨੂੰ ਮੁੜ ਰਲੀਜ਼ ਕਰਨ ਅਤੇ 100 ਪ੍ਰਤੀਸ਼ਤ ਖਰਚਾ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਇਸ ਸ਼ਰਤ ਤੇ ਦਿੰਦੇ ਹਨ ਕਿ ਇਹ ਰਾਸ਼ੀ ਇਸਤੇਮਾਲ ਕਰਨ ਸਬੰਧੀ ਪਹਿਲਾ ਭੇਜੀਆਂ ਅਗਵਾਹੀ ਲੀਹਾਂ ਅਨੁਸਾਰ ਹੀ ਖਰਚ ਕੀਤੀ ਜਾਵੇਗੀ :-

(ਰਾਸ਼ੀ ਲੱਖਾਂ ਵਿਚ)

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਹੈਡ 5475 | | |
|---|---|---|---|---|
| | | ਮੰਗ 19 | ਮੰਗ ਨੰ: 25 | ਕੁੱਲ ਰਾਸ਼ੀ |
| 1 | 2 | 3 | 4 | 5 |
| 1. | ਗੁਰਦਾਸਪੁਰ | 31.37 | 14.09 | 45.46 |
| 2. | ਅੰਮ੍ਰਿਤਸਰ | 31.37 | 14.09 | 45.46 |
| 3. | ਤਰਨਤਾਰਨ | 31.37 | 14.09 | 45.46 |
| 4. | ਕਪੂਰਥਲਾ | 15.68 | 7.05 | 22.73 |
| 5. | ਜਲੰਧਰ | 31.37 | 14.09 | 45.46 |
| 6. | ਸ਼ਹੀਦ ਭਗਤ ਸਿੰਘ ਨਗਰ | 31.37 | 14.09 | 45.46 |
| 7. | ਹੁਸ਼ਿਆਰਪੁਰ | 31.37 | 14.09 | 45.46 |
| 8. | ਰੂਪ ਨਗਰ | 31.37 | 14.09 | 45.46 |
| 9. | ਐਸ.ਏ.ਐਸ.ਨਗਰ | 31.37 | 14.09 | 45.46 |
| 10. | ਲੁਧਿਆਣਾ | 31.36 | 14.09 | 45.45 |
| 11. | ਫਿਰੋਜ਼ਪੁਰ | 31.36 | 14.09 | 45.45 |
| 12. | ਫਰੀਦਕੋਟ | 31.36 | 14.09 | 45.45 |
| 13. | ਸ੍ਰੀ ਮੁਕਤਸਰ ਸਾਹਿਬ | 31.36 | 14.09 | 45.45 |
| 14. | ਮੋਗਾ | 31.36 | 14.09 | 45.45 |
| 15. | ਬਠਿੰਡਾ | 31.36 | 14.09 | 45.45 |
| 16. | ਮਾਨਸਾ | 31.36 | 14.09 | 45.45 |
| 17. | ਸੰਗਰੂਰ | 31.36 | 14.09 | 45.45 |
| 18. | ਬਰਨਾਲਾ | 31.36 | 14.09 | 45.45 |
| 19. | ਪਟਿਆਲਾ | 15.68 | 7.05 | 22.73 |
| 20. | ਸ੍ਰੀ ਫਤਿਹਗੜ੍ਹ ਸਾਹਿਬ | 31.36 | 14.09 | 45.45 |
| 21. | ਫਾਜ਼ਿਲਕਾ | 31.36 | 14.09 | 45.45 |
| 22. | ਪਠਾਨਕੋਟ | 31.36 | 14.09 | 45.45 |
| | ਕੁੱਲ ਜੋੜ :- | **658.64** | **295.90** | **954.54** |

2. ਇਹ ਰਾਸ਼ੀ ਵਿੱਤ ਵਿਭਾਗ ਦੇ ਅ.ਵਿ.ਪੱ.ਨੰ:3/65/11-1ਵਿਖ6/1668, ਮਿਤੀ 25-07-2012 ਰਾਹੀ ਦਿੱਤੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

3. ਇਹ ਮੰਨਜ਼ੂਰੀ ਹੇਠ ਲਿੱਖੀਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

(1) ਇਹ ਖਰਚਾ ਮੰਗ ਨੰ:19-ਯੋਜਨਾਬੰਦੀ(ਪਲਾਨ) ਅਤੇ ਮੰਗ ਨੰ:25 ਦੀ ਮੁੱਖ ਮੱਦ "5475-ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਲਾਗਤ-01-ਜਿਲ੍ਹਾ ਪਲਾਨ-112-ਅੰਕੜੇ-50 ਹੋਰ ਖਰਚੇ ਅਤੇ ਮੰਗ ਨੰ: 25 ਅਧੀਨ ਮੁੱਖ ਮੱਦ 5475 ਅਤੇ ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਲਾਗਤ ਛ 789 - ਅਨੁਸੂਚਿਤ ਜਾਤੀਆਂ ਲਈ ਸਪੈਸਲ ਕੰਪੋਨੈਂਟ ਪਲਾਨ-50 ਹੋਰ ਖਰਚੇ" ਅਧੀਨ ਸਾਲ 2012-13 ਦੌਰਾਨ ਪਲਾਨ ਸਕੀਮ ਪੀ.ਐਮ 22 "ਡਿਸਟ੍ਰਿਕਟ ਇਨੋਵੇਸ਼ਨ ਫੰਡ (13ਵੇਂ ਵਿੱਤ ਕਮਿਸ਼ਨ)" ਅਧੀਨ ਕੀਤੇ ਬੱਜਟ ਉਪਬੰਧ ਵਿਚੋਂ ਕੀਤਾ ਜਾਵੇਗਾ।

(2) ਇਹ ਰਾਸ਼ੀ ਵਿੱਤ ਮੰਤਰਾਲਿਆ ਭਾਰਤ ਸਰਕਾਰ ਦੇ ਪੱਤਰ ਨੰ: ਐਫ ਨੰ: 37(1)ਐਫ.ਸੀ.ਡੀ./2010 ਮਿਤੀ 15/3/2011 ਰਾਹੀਂ ਜਾਰੀ ਕੀਤੀਆਂ ਅਗਵਾਹੀ ਲੀਹਾਂ ਅਨੁਸਾਰ ਮੁੱਖ ਸਕੱਤਰ, ਪੰਜਾਬ ਸਰਕਾਰ ਦੀ ਪ੍ਰਧਾਨਗੀ ਹੇਠ ਮਿਤੀ 19/8/2011 ਨੂੰ ਹੋਈ ਹਾਈ ਲੈਵਲ ਕਮੇਟੀ ਦੀ ਮੀਟਿੰਗ ਵਿਚ ਹੋਏ ਫੈਸਲੇ/ਕਾਰਵਾਈ ਰਿਪੋਰਟ ਦੇ ਅਨੁਸਾਰ ਹੀ ਖਰਚ ਕੀਤੀ ਜਾਵੇਗੀ।

(3) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਦੀ ਜਿੰਮੇਵਾਰੀ ਹੋਵੇਗੀ ਕਿ ਖਜ਼ਾਨੇ ਵਿਚੋਂ ਰਾਸ਼ੀ ਅਸਲ ਲੋੜ ਅਨੁਸਾਰ ਹੀ ਡਰਾਅ ਕਰਵਾਈ ਜਾਵੇ।

(4) ਰਾਸ਼ੀ ਸਿਰਫ ਉਸ ਮੰਤਵ ਲਈ ਹੀ ਖਰਚ ਕੀਤੀ ਜਾਵੇਗੀ ਜਿਸ ਮੰਤਵ ਲਈ ਇਹ ਰਾਸ਼ੀ ਜ਼ਾਰੀ ਕੀਤੀ ਗਈ ਹੈ ਅਤੇ ਇਸ ਤੋਂ ਇਲਾਵਾ ਕਿਸੇ ਹੋਰ ਮੰਤਵ ਲਈ ਇਹ ਰਾਸ਼ੀ ਖਰਚ ਕਰਨ ਦੀ ਆਗਿਆ ਨਹੀਂ ਹੋਵੇਗੀ।

(5) ਨਿੱਜੀ ਸੰਸਥਾਵਾਂ/ਸਵੈ-ਇੱਛਾ ਸੰਗਠਨਾਂ ਨੂੰ ਕੋਈ ਰਾਸ਼ੀ ਜ਼ਾਰੀ ਨਹੀ ਕੀਤੀ ਜਾਵੇਗੀ ਅਤੇ ਕੰਮ ਸਰਕਾਰੀ ਏਜੰਸੀ ਦੁਆਰਾ ਹੀ ਕਰਵਾਇਆ ਜਾਵੇ।

(6) ਖਰਚੇ ਨੂੰ ਮਹਾਂਲੇਖਾਕਾਰ, ਪੰਜਾਬ ਦੇ ਦਫ਼ਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ।

(7) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਤੋਂ ਰਲੀਜ ਕੀਤੇ ਗਏ ਫੰਡਾਂ ਦੇ ਖਪਤ ਸਰਟੀਫਿਕੇਟ ਜਿੰਨੀ ਜਲਦੀ ਹੋ ਸਕੇ, ਪ੍ਰਾਪਤ ਕੀਤੇ ਜਾਣ ।

(8) ਜਿੱਥੇ ਜਰੂਰੀ ਹੋਵੇ, ਰਾਸੀ ਜ਼ਾਰੀ ਕਰਨ ਤੋਂ ਪਹਿਲਾਂ ਲਾਗਤ ਦੇ ਤਖ਼ਮੀਨੇ ਅਧਿਕਾਰਤ ਅਥਾਰਟੀ ਤੋਂ ਪ੍ਰਵਾਨ ਕਰਵਾਏ ਜਾਣ।

ਪ. ਰੰ

ਡਾਇਰੈਕਟਰ

ਪਿੱਠ ਅੰਕਣ 1/21-ਪਸਪਬ-ਖੋ.ਅ.(ਸ.ਯੋ-ਡੀ.ਆਈ.ਐਫ.)-2011-12/ 22920-22930 ਮਿਤੀ: 27/7/12

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪ੍ਰਮੁੱਖ ਸਕੱਤਰ ਵਿੱਤ, ਪੰਜਾਬ।
2. ਸਕੱਤਰ ਖਰਚਾ, ਵਿੱਤ ਵਿਭਾਗ, ਪੰਜਾਬ।
3. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
4. ਆਰਥਿਕ ਸਲਾਹਕਾਰ, ਪੰਜਾਬ ਸਰਕਾਰ।
5. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸਪੈਸ਼ਲ ਕੰਪੋਨੈਂਟ ਪਲਾਨ (ਐਸ.ਸੀ. ਐਸ.ਪੀ. ਸਬ ਪਲਾਨ, ਭਲਾਈ ਵਿਭਾਗ, ਸੈਕਟਰ 34, ਚੰਡੀਗੜ੍ਹ।
6. ਮਹਾਂਲੇਖਾਕਾਰ(ਏ ਐਂਡ ਈ), ਪੰਜਾਬ, ਚੰਡੀਗੜ੍ਹ।
7. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
8. ਸਮੂਹ ਜ਼ਿਲ੍ਹਾ ਖਜ਼ਾਨਾ ਅਫ਼ਸਰ।
9. ਸਮੂਹ ਉਪ ਅਰਥ ਤੇ ਅੰਕੜਾ ਸਲਾਹਕਾਰ।
10. ਸਮੂਹ ਡਿਪਟੀ ਕੰਟਰੋਲਰ(ਐਫ ਐਂਡ ਏ), ਅੰਦਰੂਨੀ ਆਡਿਟ ਸੰਸਥਾ।
11. ਡਿਪਟੀ ਡਾਇਰੈਕਟਰ, ਡਾਇਰੈਕਟੋਰੇਟ ਵਿੱਤੀ ਸਾਧਨ ਅਤੇ ਆਰਥਿਕ ਜਾਣਕਾਰੀ, ਕਮਰਾ ਨੰ: 20, 7ਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ।

ਪ. ਰੰ

ਡਾਇਰੈਕਟਰ